# दुःख विछड़े ननकाने दा

ਰੱਬਾ ਦਿਲ ਪੰਜਾਬ ਦਾ, ਪਾਕਿਸਤਾਨ 'ਚ ਰਹਿ ਗਿਆ ਏ*,
ਕਦੀ ਨਾ ਪੂਰਾ ਹੋਣਾ, ਐਸਾ ਘਾਟਾ ਪੈ ਗਿਆ ਏ ||
ਵਰ੍ਹਿਆ, ਬੱਦਲ ਸਾਡੇ ਤੇ, ਜ਼ਾਲਮ ਦੇ ਭਾਣੇ ਦਾ,,,
ਨਹੀਂ ਭੁੱਲਣਾ, ਦੁੱਖ ਸੰਗਤਾਂ ਨੂੰ, ਵਿੱਛੜੇ ਨਨਕਾਣੇ ਦਾ x||
^
ਜਿਹਨਾਂ ਗਰੀਬਾਂ, ਦੇ ਘਰ ਬਾਬਾ, ਚੱਲ ਕੇ ਆਉਂਦਾ ਸੀ,
ਪੂੜ੍ਹੇ ਛੱਡ ਕੇ, ਸਾਗ ਬੇ-ਲੂਣਾ, ਖਾਣਾ ਚਾਹੁੰਦਾ ਸੀ ||
ਉਹਨਾਂ, ਨੂੰ ਵੀ ਹੁਕਮ ਹੋਇਆ, ਵੀਜ਼ਾ ਲਗਵਾਣੇ ਦਾ,,,
ਨਹੀਂ ਭੁੱਲਣਾ, ਦੁੱਖ ਸੰਗਤਾਂ ਨੂੰ, ਵਿੱਛੜੇ ਨਨਕਾਣੇ ਦਾ x||
^
ਜਿੱਥੇ, ਬਾਬੇ ਜਨਮ ਲਿਆ, ਉਹ ਕੈਸੀ ਥਾਂ ਹੋਣੀ,
ਪੁੱਛੂਗਾ, ਹਰ ਬੱਚਾ, ਪੀੜ੍ਹੀ ਜਦੋਂ ਅਗਾਂਹ ਹੋਣੀ ||
ਕਹਿਣਾ, ਪਊਗਾ ਰਸਤਾ ਏ ਬੰਦ, ਓਸ ਟਿਕਾਣੇ ਦਾ,,,
ਨਹੀਂ ਭੁੱਲਣਾ, ਦੁੱਖ ਸੰਗਤਾਂ ਨੂੰ, ਵਿੱਛੜੇ ਨਨਕਾਣੇ ਦਾ x||
^
ਅਰਜ਼, ਕਰਾਂ ਗੁਰੂ ਨਾਨਕ ਜੀ ਨੂੰ, ਮੁੜ ਕੇ ਆਵਣ ਲਈ,
ਕਰਕੇ, ਇੱਕ ਉਦਾਸੀ ਸਭ, ਸਰਹੱਦਾਂ ਢਾਹਵਣ ਲਈ ||
ਹਾਲ, ਵੇਖ ਜਾਣ ਰੋਂਦੇ, ਹਰ ਮਜ਼ਲੂਮ ਨਿਮਾਣੇ ਦਾ,,,
ਨਹੀਂ ਭੁੱਲਣਾ, ਦੁੱਖ ਸੰਗਤਾਂ ਨੂੰ, ਵਿੱਛੜੇ ਨਨਕਾਣੇ ਦਾ x||
^
ਮਹਾਂਬਲੀ, ਰਣਜੀਤ ਸਿੰਘ ਜੇ, ਜਿਓਂਦਾ ਰਹਿ ਜਾਂਦਾ,
ਕਿਸ ਵਿੱਚ, ਦਮ ਸੀ ਮੰਗਲਾ, ਖੋਹ ਨਨਕਾਣਾ ਲੈ ਜਾਂਦਾ ||
ਹੌਂਸਲਾ, ਕੋਈ ਨਾ ਕਰਦਾ, ਸਾਡਾ ਮੁਲਕ ਵੰਡਾਉਣੇ ਦਾ,,,
ਨਹੀਂ ਭੁੱਲਣਾ, ਦੁੱਖ ਸੰਗਤਾਂ ਨੂੰ, ਵਿੱਛੜੇ ਨਨਕਾਣੇ ਦਾ x||

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/29526/title/dukh-vichde-nankane-da

अपने Android मोबाइल पर BhajanGanga App डाउनलोड करें और भजनों का आनंद ले |